# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ

ਵਿਸ਼ਾ:- ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 09.12.2015 ਨੂੰ ਬਾਅਦ ਦੁਪਹਿਰ 4.30 ਵਜੇ ਪੰਜਾਬ ਭਵਨ, ਚੰਡੀਗੜ੍ਹ ਵਿਖੇ ਹੋਈ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ 19ਵੀਂ ਮੀਟਿੰਗ ਦੀ ਕਾਰਵਾਈ ਬਾਰੇ ।

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 09.12.2015 ਨੂੰ ਗਮਾਡਾ ਅਥਾਰਿਟੀ ਦੀ 19ਵੀਂ ਮੀਟਿੰਗ ਹੋਈ ਜਿਸ ਵਿਚ ਹੇਠ ਲਿਖੇ ਮੈਂਬਰਾਂ ਨੇ ਭਾਗ ਲਿਆ :-

1) ਸ਼੍ਰੀ ਸੁਖਬੀਰ ਸਿੰਘ ਬਾਦਲ,<br>ਉਪ-ਮੁੱਖ ਮੰਤਰੀ-ਕਮ-ਮੰਤਰੀ ਇੰਚਾਰਜ,<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ।

2) ਸ਼੍ਰੀ ਡੀ.ਪੀ. ਰੈਡੀ, ਆਈ.ਏ.ਐਸ.,<br>ਪ੍ਰਮੁੱਖ ਸਕੱਤਰ (ਵਿੱਤ),<br>ਪੰਜਾਬ, ਚੰਡੀਗੜ੍ਹ ।

3) ਸ਼੍ਰੀ ਐਸ.ਕੇ. ਸੰਧੂ, ਆਈ.ਏ.ਐਸ.,<br>ਪ੍ਰਮੁੱਖ ਸਕੱਤਰ/ਮੁੱਖ-ਮੰਤਰੀ, ਪੰਜਾਬ।

4) ਸ਼੍ਰੀ ਵਿਸਵਜੀਤ ਖੰਨਾ, ਆਈ.ਏ.ਐਸ.,<br>ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,<br>ਪੰਜਾਬ, ਚੰਡੀਗੜ੍ਹ।

5) ਸ਼੍ਰੀ ਵਿਕਾਸ ਪ੍ਰਤਾਪ, ਆਈ.ਏ.ਐਸ.,<br>ਸਕੱਤਰ, ਸਥਾਨਕ ਸਰਕਾਰ,<br>ਪੰਜਾਬ, ਚੰਡੀਗੜ੍ਹ।

6) ਸ੍ਰੀ ਏ.ਕੇ. ਸਿਨਹਾ, ਆਈ.ਏ.ਐਸ.,<br>ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ.ਨਗਰ।

7) ਸ਼੍ਰੀ ਹਰਨੇਕ ਸਿੰਘ,<br>ਮੁੱਖ ਨਗਰ ਯੋਜਨਾਕਾਰ, ਪੰਜਾਬ,<br>ਐਸ.ਏ.ਐਸ.ਨਗਰ।

-2-

# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ

ਅਜੰਡੇ ਦੀਆਂ ਮੱਦਾਂ ਨੂੰ ਲੜੀਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

<u>ਮੱਦ ਨੰ: 19.01</u>

**ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ਦੀ 18ਵੀਂ ਮੀਟਿੰਗ ਜੋ ਮਿਤੀ 15-04-2015 ਨੂੰ ਹੋਈ ਸੀ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਵਿਚਾਰ-ਵਟਾਂਦਰੇ ਉਪਰੰਤ ਸਰਵ-ਸੰਮਤੀ ਨਾਲ ਜਾਰੀ ਕੀਤੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

<u>ਮੱਦ ਨੰ: 19.02</u>

**ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ਦੀ 18ਵੀਂ ਮੀਟਿੰਗ ਜੋਂਕਿ ਮਿਤੀ 15-04-2015 ਨੂੰ ਹੋਈ ਸੀ ਵਿੱਚ ਲਏ ਗਏ ਫੈਸਲੇ ਅਨੁਸਾਰ ਕੀਤੀ ਗਈ ਕਾਰਵਾਈ ਦਾ ਮੱਦ ਵਾਰ ਵਿਵਰਣ।**

ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਅਥਾਰਿਟੀ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ। ਜਿਥੋਂ ਤੱਕ ਮੱਦ ਨੰ.18.16 ਜੋ ਕਿ ਗਮਾਡਾ ਦੇ ਸਟਾਫ ਦੀ ਸਥਿਤੀ ਬਾਰੇ ਹੈ, ਅਥਾਰਿਟੀ ਵੱਲੋਂ ਕਾਰਜਕਾਰੀ ਕਮੇਟੀ ਦੀ ਹੋਣ ਵਾਲੀ ਮੀਟਿੰਗ ਵਿਚ ਪੇਸ਼ ਕਰਨ ਸਬੰਧੀ ਮਾਮਲਾ ਵੀ ਨੋਟ ਕਰ ਲਿਆ ਗਿਆ।

<u>ਮੱਦ ਨੰ: 19.03</u>

**ਗਮਾਡਾ ਦੀ ਮੌਜੂਦਾ ਵਿੱਤੀ ਸਥਿਤੀ ਬਾਰੇ।**

ਅਥਾਰਿਟੀ ਵੱਲੋ ਮੱਦ ਨੋਟ ਕਰ ਲਈ ਗਈ ਹੈ ਅਤੇ ਨਾਲ ਹੀ ਅਥਾਰਿਟੀ ਵੱਲੋਂ ਇਹ ਆਦੇਸ਼ ਦਿੱਤੇ ਗਏ ਕਿ ਸ਼ਹਿਰੀ ਮਿਲਖ ਵਿਚ ਪਈਆਂ ਵੱਧ ਤੋਂ ਵੱਧ ਖਾਲੀ ਸਾਈਟਾਂ ਵੇਚਣ ਦੇ ਉਪਰਾਲੇ ਕੀਤੇ ਜਾਣ।

<u>ਮੱਦ ਨੰ: 19.04</u>

**ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਵੱਖ ਵੱਖ ਸ੍ਰੇਣੀ ਦੇ ਪਲਾਟਾਂ ਦੀ ਅਧਾਰ ਕੀਮਤ ਨਿਰਧਾਰਤ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ

**ਮੱਦ ਨੰ: 19.05**

**ਸ਼ਹਿਰੀ ਮਿਲਖ ਐਸ.ਏ.ਐਸ. ਨਗਰ ਵਿਖੇ ਰੈਜੀਡੈਂਟਸ ਵੈਲਫੇਅਰ ਐਸੋਸੀਏਸ਼ਨ ਨੂੰ ਦੇਖਭਾਲ ਹਿੱਤ ਸੌਂਪੀਆਂ ਪਾਰਕਾਂ ਦੇ ਰੇਟਾਂ ਵਿੱਚ ਵਾਧਾ ਕਰਨ ਸਬੰਧੀ।**

ਅਥਾਰਿਟੀ ਵੱਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਸ਼ਹਿਰੀ ਮਿਲਖ ਐਸ.ਏ.ਐਸ.ਨਗਰ ਵਿਖੇ ਰੈਜੀਡੈਂਟਸ ਵੈਲਫੇਅਰ ਐਸੋਸਿਏਸ਼ਨ ਦੀ ਮੰਗ ਦੇ ਮੱਦੇਨਜਰ ਉਹਨਾਂ ਨੂੰ ਸੌਂਪੇ ਪਾਰਕਾਂ ਦੇ ਰੱਖ ਰਖਾਵ ਤੇ 2.45/- ਰੁਪਏ ਪ੍ਰਤੀ ਵਰਗ ਮੀਟਰ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਖਰਚੇ ਦੀ ਪ੍ਰਵਾਨਗੀ ਦਿੱਤੀ ਗਈ।

**ਮੱਦ ਨੰ: 19.06**

**ਪੈਟਰੋਲ, ਡੀਜਲ ਅਤੇ ਐਲ.ਪੀ.ਜੀ./ਸੀ.ਐਨ.ਜੀ. ਦੀਆਂ ਸਾਈਟਾਂ ਅਲਾਟ ਕਰਨ ਸਬੰਧੀ ਪਾਲਿਸੀ ਵਿੱਚ ਸੋਧ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

**ਮੱਦ ਨੰ: 19.07**

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਰਕਬੇ ਵਿੱਚ ਆਉਟਡੋਰ ਅਡਵਰਟਾਈਜ਼ਮੈਂਟ ਪਾਲਿਸੀ ਬਾਰੇ।**

ਅਥਾਰਿਟੀ ਵੱਲੋਂ ਮੱਦ ਵਿਚਾਰਨ ਉਪਰੰਤ ਮੁਲਤਵੀ ਕਰ ਦਿੱਤੀ ਗਈ।

**ਮੱਦ ਨੰ: 19.08**

**ਪੰਜਾਬੀ ਯੂਨੀਵਰਸਿਟੀ ਨੂੰ ਸੈਕਟਰ 61, ਐਸ.ਏ.ਐਸ. ਨਗਰ ਵਿਖੇ ਐਕਸਟੈਨਸ਼ਨ ਲਾਇਬ੍ਰੇਰੀ ਵਾਸਤੇ ਲੀਜ਼ ਤੇ ਦਿੱਤੀ ਗਈ ਬਿਲਡਿੰਗ ਦੀ ਲੀਜ ਦਾ ਸਮਾਂ ਵਧਾਉਣ ਸਬੰਧੀ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ

ਮੱਦ ਨੰ: 19.09

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਰਕਬੇ ਵਿੱਚ ਕਮਿਉਨੀਕੇਸ਼ਨ ਟਾਵਰ ਲਗਾਉਣ/ਅੰਡਰਗਰਾਉਂਡ ਟੈਲੀਫੋਨ ਤਾਰਾਂ ਪਾਉਣ ਦੀ ਆਗਿਆ ਦੇਣ ਲਈ ਪਾਲਿਸੀ ਨਿਰਧਾਰਤ ਕਰਨ ਸਬੰਧੀ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 19.10

ਸੈਕਟਰ 79 ਅਤੇ ਸੈਕਟਰ 89, ਐਸ.ਏ.ਐਸ. ਨਗਰ ਵਿਖੇ ਧਾਰਮਿਕ ਸੰਸਥਾਵਾਂ ਨੂੰ ਭੌਂ ਦੀ ਅਲਾਟਮੈਂਟ ਕਰਨ ਬਾਰੇ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 19.11

ਆਨੰਦਪੁਰ ਸਾਹਿਬ ਦੇ ਵਿਕਾਸ ਲਈ 2.00 ਕਰੋੜ ਰੁਪਏ ਦੇ ਫੰਡਜ ਲਾਇਸੈਂਸ ਫੀਸ ਵਿੱਚੋਂ ਜਾਰੀ ਕਰਨ ਦੀ ਕਾਰਜ- ਬਾਅਦ ਪ੍ਰਵਾਨਗੀ ਲੈਣ ਬਾਰੇ।

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 19.12

ਮਾਸਟਰ ਪਲੈਨ, ਮੁਲਾਂਪੁਰ ਦੀ 200 ਫੁੱਟ ਚੌੜੀ PR-4 ਸੜਕ ਅਤੇ PR-7 ਸੜਕ ਉੱਪਰ ਪੈਂਦੇ ਪ੍ਰੋਜੈਕਟਾਂ ਤੇ ਸੈੱਸ ਲਗਾਉਣ ਸਬੰਧੀ।

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 19.13

ਗਮਾਡਾ ਵਿੱਚ ਚਲ ਰਹੇ ਵਿਕਾਸ ਕਾਰਜਾਂ ਵਾਸਤੇ ਵੱਖ-2 ਬੈਂਕਾਂ ਤੋਂ ਲਏ ਗਏ ਕਰਜੇ ਬਾਰੇ।

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ

**ਮੱਦ ਨੰ: 19.14**

**ਮੁੱਖ ਮੰਤਰੀ ਰਾਹਤ ਕੋਸ਼ ਵਿੱਚ ਗਮਾਡਾ ਵੱਲੋਂ ਕੀਤੇ 25.00 ਲੱਖ ਰੁਪਏ ਦੇ ਅਨੁਦਾਨ ਦੀ ਕਾਰਜ-ਬਾਅਦ ਪ੍ਰਵਾਨਗੀ ਲੈਣ ਬਾਰੇ ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

**ਮੱਦ ਨੰ: 19.15**

**ਪਿੰਡ ਬਲੌਂਗੀ (ਬਲਾਕ ਖਰੜ) ਜਿਲ੍ਹਾ ਐਸ.ਏ.ਐਸ ਨਗਰ ਦੇ ਵਿਕਾਸ ਸਬੰਧੀ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

**ਮੱਦ ਨੰ: 19.16**

**ਏਅਰਪੋਰਟ ਰੋਡ ਨੂੰ ਅੰਬਾਲਾ ਚੰਡੀਗੜ੍ਹ ਹਾਈਵੇ (ਐਨ.ਐਚ22) ਨਾਲ ਜੋੜਨ ਬਾਰੇ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

**ਮੱਦ ਨੰ: 19.17**

**ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਸੈਕਟਰ-76, ਐਸ.ਏ.ਐਸ ਨਗਰ ਦੀ ਉਸਾਰੀ ਲਈ ਵਾਧੂ ਫੰਡਜ਼ ਰਲੀਜ਼ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

**ਮੱਦ ਨੰ: 19.18**

**ਅੰਤਰਰਾਸ਼ਟਰੀ ਹਵਾਈ ਅੱਡਾ ਐਸ.ਏ.ਐਸ. ਨਗਰ ਦੇ ਰੱਖ-ਰਖਾਵ ਲਈ ਸਥਾਪਿਤ ਕੀਤੀ ਗਈ 'ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ ਲਿਮਟਿਡ' ਵੱਲੋਂ ਇਕਵਿਟੀ ਸ਼ੇਅਰ ਜਾਰੀ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

**ਮੱਦ ਨੰ: 19.19**

**ਸਭਿਆਚਾਰਕ ਅਤੇ ਸਾਹਿਤਿਕ ਗਤੀਵਿਧੀਆਂ, ਅਨਾਥ ਆਸ਼ਰਮ ਅਤੇ ਓਡਲ ਏਜ/ਸੀਨੀਅਰ ਸੀਟੀਜਨ ਹੋਮ ਲਈ ਇੰਸਟੀਚਿਊਸਨਲ ਸਾਈਟਾਂ ਦੀ ਅਲਾਟਮੈਂਟ ਕਰਨ ਬਾਰੇ ਕਾਰਜਬਾਅਦ ਪ੍ਰਵਾਨਗੀ ਦੇਣ ਸਬੰਧੀ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

# ਗਰੇਟਰ ਮੋਹਾਲੀ ਏਰੀਆਂ ਵਿਕਾਸ ਅਥਾਰਿਟੀ

<u>ਮੱਦ ਨੰ: 19.20</u>

**ਕਮਰਸ਼ੀਅਲ ਚੰਕ ਸਾਈਟ, ਹਸਪਤਾਲ ਸਾਈਟ, ਨਰਸਿੰਗ ਹੋਮ ਸਾਈਟ ਅਤੇ ਗਰੁੱਪ ਹਾਊਸਿੰਗ ਸਾਈਟ ਨੂੰ ਬੋਲੀ ਰਾਹੀਂ ਵੇਚਣ ਲਈ ਰਿਜਰਵ ਕੀਮਤ ਫਿਕਸ ਕਰਨ ਬਾਰੇ ਮੌਜੂਦਾ ਪਾਲਿਸੀ ਵਿੱਚ ਸੋਧ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ: 19.21</u>

**ਮੈਡੀ ਸਿਟੀ, ਨਿਊ ਚੰਡੀਗੜ੍ਹ ਵਿਖੇ ਹਸਪਤਾਲ ਸਾਈਟਾਂ ਦੀ ਅਲਾਟਮੈਂਟ ਸਬੰਧੀ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ: 19.22</u>

**ਪੂਰਬ ਪ੍ਰੀਮੀਅਮ ਅਪਾਰਟਮੈਂਟਸ, ਸੈਕਟਰ-88, ਐਸ.ਏ.ਐਸ. ਨਗਰ ਵਿੱਚ ਵੱਖ-ਵੱਖ ਕੈਟਾਗਿਰੀਆਂ ਦੇ 315 ਅਪਾਰਟਮੈਂਟਸ ਦੀ ਲਾਂਚ ਕੀਤੀ ਗਈ ਸਕੀਮ ਦੀ ਕਾਰਜਬਾਦ ਪ੍ਰਵਾਨਗੀ ਬਾਰੇ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ: 19.23</u>

**ਆਈ.ਟੀ.ਸਿਟੀ, ਐਸ.ਏ.ਐਸ.ਨਗਰ ਵਿਖੇ ਉਦਯੋਗਿਕ ਪਲਾਟ ਅਲਾਟ ਕਰਨ ਸਬੰਧੀ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ

**ਮੱਦ ਨੰ: 19.24**

**ਆਈ.ਟੀ. ਸਿਟੀ, ਐਸ.ਏ.ਐਸ.ਨਗਰ ਵਿਖੇ Triam System Pvt. Ltd ਕੰਪਨੀ ਨੂੰ 0.5 ਏਕੜ ਭੌਂ ਆਈ.ਟੀ. ਉਦਯੋਗ ਲਈ ਅਲਾਟ ਕਰਨ ਸਬੰਧੀ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

**ਮੱਦ ਨੰ: 19.25**

**ਵੇਰਕਾ ਮਿਲਕ ਬੂਥਾਂ ਦੀ ਸਥਾਪਨਾ ਲਈ ਮਿਲਕਫੈੱਡ ਨੂੰ ਲੀਜ਼ ਤੇ ਬੂਥ ਅਲਾਟ ਕਰਨ ਸਬੰਧੀ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

**ਮੱਦ ਨੰ: 19.26**

**ਜੁਡੀਸੀਅਲ ਕੋਰਟ ਕੰਪਲੈਕਸ ਸੈਕਟਰ -76 ਦੀ ਉਸਾਰੀ ਲਈ (7.00) ਏਕੜ ਭੌਂ ਦੀ ਅਲਾਟਮੈਂਟ ਬਾਰੇ।**

ਅਥਾਰਿਟੀ ਵੱਲੋ ਵਿਚਾਰ ਵਟਾਂਦਰਾ ਕਰਨ ਉਪਰੰਤ ਸਾਈਟ ਵਿਰੁੱਧ ਕਿਸ਼ਤਾਂ ਦੀ ਅਦਾਇਗੀ ਵਿਚ ਹੋਈ ਦੇਰੀ ਦੇ ਸਮੇਂ ਲਈ ਕੇਵਲ ਪੈਨਲਟੀ ਵੱਜੋਂ ਡਿਊ ਬਣਦੀ ਰਕਮ ਭਾਵ 18,21,421/- ਰੁਪਏ ਹੀ ਮੁਆਫ ਕਰਨ ਦਾ ਫੈਸਲਾ ਲਿਆ ਗਿਆ। ਮੁੱਖ ਪ੍ਰਸ਼ਾਸ਼ਕ, ਗਮਾਡਾ ਵੱਲੋਂ ਗਮਾਡਾ ਅਥਾਰਟੀ ਦੀ 17ਵੀ ਮੀਟਿੰਗ ਦੇ ਮੱਦ ਨੰਬਰ 17.10 ਵਿਚ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਐਸ.ਏ.ਐਸ.ਨਗਰ ਵਿਰੁੱਧ ਪਹਿਲੀਆਂ ਦੋ ਕਿਸ਼ਤਾਂ ਦੀ ਅਦਾਇਗੀ ਕਰਨ ਵਿਚ ਹੋਈ ਦੇਰੀ ਦੀ ਬਣਦੀ ਰਕਮ ਤੇ ਵਿਆਜ ਪੈਨਲਟੀ ਮੁਆਫ ਕਰਨ ਦਾ ਮਾਮਲਾ ਅਥਾਰਿਟੀ ਦੇ ਨੋਟਿਸ ਵਿਚ ਲਿਆਂਦਾ ਜਿਸ ਤੇ ਅਥਾਰਿਟੀ ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਐਸ.ਏ.ਐਸ.ਨਗਰ ਦੇ ਕੇਸ ਵਿਚ ਸਿਰਫ 7,06,652/- ਰੁਪਏ ਦੀ ਪੈਨਲਟੀ ਮੁਆਫ ਕਰਨ ਸਬੰਧੀ ਮਾਮਲਾ ਨੋਟ ਕਰ ਲਿਆ ਗਿਆ।

# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ

**ਮੱਦ ਨੰ: 19.27**

**ਮੈਸ: ਯੂਨੀਟੈੱਕ ਲਿਮਟਿਡ ਦੀ ਮਲਕੀਅਤ ਵਾਲੀ 28.5228 ਏਕੜ ਭੌਂ ਜੋਂ ਕਿ ਸਿਟੀ ਪਾਰਕ, ਸੈਕਟਰ 97 ਅਧੀਨ ਆਉਂਦੀ ਹੈ, ਗਮਾਡਾ/ਸਰਕਾਰ ਨੂੰ ਤਬਦੀਲ ਕਰਵਾਉਣ ਸਬੰਧੀ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

**ਮੱਦ ਨੰ: 19.28**

**ਭੌਂ ਪ੍ਰਾਪਤੀ ਕਰਨ ਲਈ ਕੰਸਲਟੈਂਟ ਹਾਇਰ ਕਰਨ ਲਈ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

ਉਪਰੋਕਤ ਅਨੁਸਾਰ ਕਾਰਵਾਈ ਦਾ ਖਰੜਾ ਪ੍ਰਵਾਨਗੀ/ਹਸਤਾਖਰਾਂ ਹਿੱਤ ਹੇਠ ਝੰਡੀ -ਉ ਤੇ ਰੱਖਿਆ ਜਾਂਦਾ ਹੈ।

ਮੁੱਖ ਪ੍ਰਸ਼ਾਸਕ
11.12.2015

ਵਾਈਸ ਚੇਅਰਮੈਨ

P.S.D.C.M.

CA, GMADA